

**Dr. A. Kumar**

# ਹਰ ਘਰ ਦੀ ਸੱਚੀ ਕਹਾਨੀ.....!

ਕੀ ਦੋ ਪੀੜ੍ਹੀਆਂ ਪਿਆਰ ਨਾਲ ਕਦੇ ਇੱਕਠਿਆਂ ਨਹੀਂ ਰਹਿ ਸਕਦੀਆਂ? ਕੀ ਗੱਲ ਹੈ ਜੋ ਹਰ ਘਰ ਯੁੱਧ ਦਾ ਮੈਦਾਨ ਬਣਿਆ ਹੋਇਆ ਹੈ? ਕਿਉਂ ਕਿਤੇ ਬਜ਼ੁਰਗਾਂ ਨੂੰ ਦੋਸ਼ ਦਿੱਤਾ ਜਾਂਦਾ ਹੈ ਤੇ ਕਿਤੇ ਨਵੀਂ ਪੀੜ੍ਹੀ ਨੂੰ? ਕਿਉਂ ਘਰ ਦੇ ਵੱਡਿਆਂ ਨੂੰ ਨਵੀਂ ਪੀੜ੍ਹੀ ਦੀ ਚਾਲ ਹਮੇਸ਼ਾ ਹੀ ਭੈੜੀ ਲੱਗਦੀ ਹੈ? ਕਿਉਂ ਬੱਚਿਆਂ ਨੂੰ ਬਜ਼ੁਰਗਾਂ 'ਚ ਹੀ ਕਮੀਆਂ ਨਜ਼ਰ ਆਂਉਦਿਆਂ ਨੇ? ਆਉ ਆਸਪਾਸ ਦੇ ਵਾਤਾਵਰਨ 'ਚ ਜਰਾ ਝਾਤੀ ਮਾਰਕੇ ਕੁਝ ਵਿਚਾਰ ਕਰੀਏ।

ਹਰ ਵਿਅਕਤੀ 'ਚ ਕੁਝ ਚੰਗਿਆਂਈਆਂ ਤੇ ਕੁਝ ਬੁਰਾਈਆਂ ਹੁੰਦਿਆਂ ਹਨ। ਕੁਝ ਚੀਜ਼ਾਂ ਸਾਨੂੰ ਵਿਰਾਸਤ 'ਚ ਮਿਲ ਦੀਆਂ ਹਨ ਤੇ ਕੁਝ ਮਾਪਿਆਂ, ਧਾਰਮਿਕ ਅਦਾਰਿਆਂ, ਪੜੋਸਿਆਂ ਤੇ ਸਕੂਲ ਚੋਂ ਯਾਨਿ ਕਿ ਸਮਾਜ 'ਚੋਂ।ਇੰਸਾਨ ਦਾ ਕਿਰਦਾਰ ਉਸ ਦੇ ਸੰਸਕਾਰਾਂ, ਐਜੁਕੇਸ਼ਨ, ਮਾਲੀ ਹਾਲਤ, ਸੰਗਤ ਤੇ ਉਸ ਦੀਆਂ ਲੋੜਾਂ ਦੇ ਜੋੜ ਨਾਲ ਬਣਦਾ ਹੈ। ਹਰ ਪੁਰਾਨੀ ਪੀੜ੍ਹੀ ਕਦੇ ਜਵਾਨ ਹੁੰਦੀ ਸੀ। ਪਰ ਹਰ ਪੁਰਾਨੀ ਪੀੜ੍ਹੀ ਨੂੰ ਲੱਗਦਾ ਹੈ ਕਿ ਉਹ ਤੇ ਉਸ ਦਾ ਜ਼ਮਾਨਾ ਤਾਂ ਬਹੁਤ ਚੰਗੇ ਸਨ, ਅੱਜ ਦਾ ਜ਼ਮਾਨਾ ਖ਼ਰਾਬ ਹੈ। ਇਹ ਗੱਲ ਠੀਕ ਨਹੀਂ। ਹਰ ਜ਼ਮਾਨੇ 'ਚ ਚੰਗੇ ਤੇ ਮਾੜੇ ਲੋਕ ਹੁੰਦੇ ਹਨ, ਹਰ ਕਾਲ 'ਚ ਨਵੀਂ ਤੇ ਪੁਰਾਨੀ ਪੀੜ੍ਹੀ 'ਚ ਟਕਰਾਅ ਹੁੰਦਾ ਆਇਆ ਹੈ। ਜੇ ਕਰ ਹਜ਼ਾਰਾਂ ਵ੍ਹਰੇ ਪਹਿਲਾਂ ਰਾਮ ਹੋਇਆ ਤਾਂ ਰਾਵਨ ਵੀ ਪੈਦਾ ਹੋ ਚੁੱਕਿਆ ਸੀ, ਜੇ ਸੀਤਾ ਸੀ ਤਾਂ ਸਰੂਪਨਖਾ ਵੀ ਸੀ, ਤਿੰਨ ਹਜ਼ਾਰ ਵ੍ਹਰੇ ਪਹਿਲਾਂ ਅਰਜੁਨ ਜੰਮਿਆ ਤਾਂ ਦੁਰਯੋਧਨ ਨਾਲ ਖੜਾ ਸੀ, ਜੇ ਕਰ ਸਾਡੇ ਗੁਰੂਆਂ ਤੇ ਪੈਰੋਕਾਰਾਂ ਤੇ ਜਾਨ ਵਾਰਣ ਵਾਲੀਆਂ ਸੰਗਤਾਂ ਸਨ ਤਾਂ ਉਹਨਾਂ ਨੂੰ ਤਸੀਹੇ ਦੇਨ ਵਾਲੇ ਅਧਰਮੀ ਵੀ ਸਨ, ਮੁੱਕਦੀ ਗੱਲ ਇਹ ਕਿ ਚੰਗਿਆਈ-ਬੁਰਾਈ ਦਾ ਦਿਨ ਤੇ ਰਾਤ ਵਰਗਾ ਸਬੰਧ ਸੀ, ਹੈ ਤੇ ਸਦਾ ਰਹੇਗਾ।

ਪਹਿਲਾਂ ਗੱਲ ਬਜ਼ੁਰਗਾਂ ਦੀ। ਮੇਰਾ ਇੱਕ ਜਾਣਕਾਰ ਪਰੀਵਾਰ ਲੰਡਨ 'ਚ ਰਹਿੰਦਾ ਹੈ, ਘਰ ਦੇ ਸਿਰਫ਼ ਤਿੰਨ ਜੀਅ, ਮਿਆਂ ਬੀਬੀ ਤੇ ਬੀਬੀ ਦੀ ਮਾਂ। ਮਾਂ ਧੀ ਕੋਲ ਇਸ ਲਈ ਰਹਿੰਦੀ ਹੈ ਕਿ ਪੁੱਤ ਮਾਂ ਦੀ ਸ਼ਕਲ ਨਹੀਂ ਦੇਖਣਾ ਚਾਹੁੰਦਾ। ਪਰ ਮਾਂ ਕਿਉਕਿ 24 ਘੰਟੇ ਪੁੱਤ ਦੇ ਹੀ ਗੁਨ ਗਾਉਂਦੀ ਹੈ, ਇਹ ਗੱਲ ਧੀ ਤੇ ਜਵਾਈ ਨੂੰ ਚੰਗੀ ਨਹੀਂ ਲੱਗਦੀ। ਉਹ ਪੁੱਤ ਜਿਹੜਾ ਮਾਂ ਨੂੰ ਇੰਗਲੈਂਡ 'ਚ ਬੁਲਾਉਣਾ ਹੀ ਨਹੀਂ ਸੀ ਚਾਹੁੰਦਾ, ਧੀ-ਜਵਾਈ ਨੇ ਆਪ 4 – 5 ਹਜਾਰ ਪਾਉਂਡ ਖਰਚਾ ਕਰਕੇ ਮਾਂ ਨੂੰ ਇੰਡੀਆ ਦੇ ਇਕਲਾਪੇ 'ਚੋਂ ਮੁਕਤੀ ਦਵਾਈ, ਮਾਂ ਨੂੰ ਇਸ ਗੱਲ ਦਾ ਕੋਈ ਵੀ ਪਾਸ ਨਹੀਂ। ਘਰ ਦੇ ਕੰਮ ਕਾਰ 'ਚ ਹੱਥ ਵੰਡਾਉਣਾ ਤਾਂ ਦੂਰ, ਉਹ ਕੰਮ ਤੋਂ ਮੁੜੀ ਧੀ ਨੂੰ ਇਕੱ ਚਾਹ ਦਾ ਕੱਪ ਨਹੀਂ ਬਣਾ ਕੇ ਦਿੰਦੀ ਜਵਾਈ ਨੂੰ ਤਾਂ ਖ਼ੈਰ ਗੋਲੀ ਮਾਰੋ। ਉਸਦੀ ਹਰ ਗੱਲ ਪੂਰੀ ਕੀਤੀ ਜਾਂਦੀ ਹੈ, ਉਸ ਲਈ ਵੱਖ ਦੋ ਕਮਰੇ ਹਨ, ਇੱਕ ਦਿਨੇ ਟੀ.ਵੀ. ਵੇਖਣ ਲਈ ਤੇ ਇੱਕ ਰਾਤ ਦੇ ਸੌਣ ਲਈ, ਉਸ ਨੂੰ ਸਮੇਂ ਸਿਰ ਦਵਾ, ਦੁੱਧ ਤੇ ਰੋਟੀ ਦਿੱਤੀ ਜਾਂਦੀ ਹੈ ਪਰ ਉਹ ਖ਼ੁਸ਼ ਨਹੀਂ ਕਿਉਂਕਿ ਉਹ ਪੁੱਤਰ ਦੇ ਫ਼ੋਨ ਦੀ ਉਡੀਕ 'ਚ ਪਾਗਲ ਪ੍ਰੇਮੀ ਦੀ ਤਰਾਂ ਗਵਾਚੀ ਰਹਿੰਦੀ ਹੈ। ਇਸ ਤਰਾਂ ਦੇ ਬਜ਼ੁਰਗ ਨਵੀਂ ਪੀੜ੍ਹੀ ਲਈ ਕਈ ਵਾਰ ਸਰਾਪ ਬਣ ਜਾਂਦੇ ਹਨ।

ਇੱਕ ਹੋਰ ਬਜ਼ੁਰਗ ਦੀ ਗੱਲ ਕਰੀਏ। ਆਪਣੇ ਜਵਾਨ ਪੁੱਤਰ ਦੀ ਖ਼ੁਸ਼ੀ ਖ਼ਾਤਿਰ, ਆਪਣਾ ਵੱਡਾ ਘਰ ਵੇਚ ਕੇ, ਇੱਕ ਘਰ ਪੁੱਤ, ਨੂੰਹ ਤੇ ਉਹਨਾਂ ਦੇ ਬੱਚਿਆਂ ਨੂੰ ਲੈ ਦਿੱਤਾ ਤੇ ਆਪੇ ਇੱਕ ਛੋਟੇ ਜਿਹੇ ਫ਼ਲੈਟ 'ਚ ਰਹਿ ਰਿਹੇ

ਹਨ। ਇੰਨਾਂ ਹੀ ਨਹੀਂ, ਅਲਗ ਰਹਿਣ ਦੇ ਬਾਵਜੂਦ, ਆਪਣੇ ਪੁੱਤ ਦੇ ਪਰੀਵਾਰ ਦੀ ਲੋੜ ਸਮੇਂ ਮਾਲੀ ਮਦਦ ਵੀ ਕਰਦੇ ਹਨ ਤੇ ਪੋਤੇ-ਪੋਤੀਆਂ ਨੂੰ ਸਕੂਲੋਂ ਲਿਉਂਦੇ ਹਨ ਤੇ ਦਿਨ ਤਿਉਹਾਰ ਵੀ ਮਾਣਦੇ ਹਨ। ਇਹ ਬਜ਼ੁਰਗ ਕਨੇਡਾ 'ਚ ਰਹਿੰਦੇ ਹਨ ਤੇ ਮੇਰੇ ਬਹੁਤ ਕਰੀਬ ਹਨ। ਪਰ ਉਹਨਾਂ ਦੀ ਨੂੰਹ ਵੱਖ ਰਹਿ ਕੇ ਵੀ ਉਹਨਾਂ ਤੋਂ ਖ਼ੁਸ਼ ਨਹੀਂ।

ਸੋ ਇਹ ਸਨ ਦੋ ਬਜ਼ੁਰਗਾਂ ਦੀਆਂ ਵੱਖ ਵੱਖ ਸ਼ਖ਼ਸੀਅਤਾਂ। ਇੱਕ ਬਜ਼ੁਰਗ ਔਰਤ ਜਿਹਨਾਂ ਕੋਲ ਰਹਿੰਦੀ ਹੈ, ਜਿਹੜੇ ਉਸਦੀ ਸੇਵਾ ਕਰਦੇ ਹਨ, ਉਹਨਾਂ ਨਾਲ ਉਹ ਬੋਲਦੀ ਵੀ ਨਹੀਂ ਤੇ ਇੱਕ ਉਹ ਬਜ਼ੁਰਗ ਜਿਹਨਾਂ ਨਾਲ ਉਹਨਾਂ ਦਾ ਪੁੱਤ ਨਹੀਂ ਬੋਲਦਾ ਚੱਜ ਨਾਲ ਪਰ ਉਹ ਇਸ ਉਮਰ 'ਚ ਵੀ ਔਲਾਦ ਦਾ ਕਰਦੇ ਆ ਰਿਹੇ ਹਨ।

ਅੱਜ ਦੀ ਪੀੜ੍ਹੀ। ਉਪਰੋਕਤ ਬਜ਼ੁਰਗਾਂ ਦੀ ਤਰਾਂ ਹੀ ਚੰਗੀ ਤੇ ਮਾੜੀ। ਉੱਤੇ ਲਿਖੇ ਉਦਾਹਰਨਾਂ 'ਚ ਵੇਖੋ, ਇੱਕ ਧੀ ਤੇ ਜਵਾਈ ਇੰਨੇ ਚੰਗੇ ਕਿ ਮਾਂ ਦੀ ਹਰ ਇੱਛਾ ਪੂਰੀ ਕਰਦੇ ਨੇ ਤੇ ਉਸੇ ਮਾਂ ਦਾ ਉਹ ਪੁੱਤ ਵੇਖੋ ਜਿਹੜਾ ਆਪਣੀ ਔਰਤ ਦੀ ਬੁੱਕਲ 'ਚ ਵੜਿਆ ਮਾਂ ਨੂੰ ਕਦੇ ਫ਼ੋਨ ਵੀ ਨਹੀਂ ਕਰਦਾ, ਸੇਵਾ ਤਾਂ ਖ਼ੈਰ ਉਸ ਲਈ ਦੂਜੀ ਦੁਨੀਆਂ ਦਾ ਅੱਖਰ ਹੈ। ਇਸੇ ਤਰਾਂ ਕਨੇਡਾ ਦੇ ਪਰੀਵਾਰ ਦਾ ਉਹ ਪੁੱਤ ਜਿਹੜਾ ਬਜ਼ੁਰਗ ਮਾਂ ਪਿਉ ਨੂੰ ਇੱਕਲਾ ਛੱਡ ਕੇ ਆਪ ਆਪਣੀ ਜ਼ਿੰਦਗੀ ਜੀ ਰਿਹਾ ਹੈ।

ਐਸੇ ਪੁੱਤਰਾਂ ਦੀ ਕਦੇ ਵੀ ਕਮੀ ਨਹੀਂ ਰਹੀ ਜਿਹੜੇ ਮਾਪਿਆਂ ਦੀ ਰੋਟੀ ਨੂੰ ਭਾਰਾ ਸਮਝਦੇ ਹਨ। ਘਰਾਂ ਨੂੰ ਤਾਲਾ ਜੜ ਕੇ ਕਾਰਾਂ 'ਚ ਬੈਠ ਕੇ ਕੰਮਾ-ਕਾਰਾਂ ਤੇ ਚਲੇ ਜਾਂਦੇ ਹਨ ਤੇ ਮਾਪੇ ਸੜਕਾਂ ਤੇ ਗੁਰਦਵਾਰਿਆਂ ਦੀ ਸ਼ਰਨ 'ਚ ਭਟਕਦੇ ਹਨ। ਐਸੇ ਬਜ਼ੁਰਗਾਂ ਦੀ ਵੀ ਕਮੀ ਨਹੀਂ ਹੈ ਜਿਹੜੇ ਸੇਵਾ ਕਰਵਾ ਕਿ ਵੀ ਕਦੇ ਨੂਹਾਂ ਤੇ ਕਦੇ ਜਵਾਈਆਂ ਨੂੰ ਗਾਲਾਂ ਕੱਢਦੇ ਹਨ ਤੇ ਕਦੇ ਆਪਣੇ ਪੁੱਤਰਾਂ ਨੂੰ ਕੋਸਦੇ ਹਨ।

ਮੈਂ ਐਸੇ ਬਜ਼ੁਰਗਾਂ ਨੂੰ ਵੀ ਜਾਣਦਾ ਹਾਂ ਜਿਹੜੇ ਜਨੇਊ ਵੀ ਪਾਉਂਦੇ ਨੇ ਤੇ ਮਾਸ ਵੀ ਖਾਂਦੇ ਨੇ, ਮੈਂ ਐਸੇ ਬਜ਼ੁਰਗਾਂ ਨੂੰ ਵੀ ਜਾਣਦਾ ਹਾਂ ਜਿਹੜੇ ਕਛਿਹਰਾ ਤਾਂ ਮਰਿਆਦਾ 'ਚ ਬਦਲਦੇ ਨੇ ਪਰ ਮੂੰਹ ਦੇ ਵਾਲ ਵੀ ਸਾਫ਼ ਕਰਦੇ ਨੇ ਤੇ 'ਹਲਾਲ' ਮਾਸ ਵੀ ਖਾਂਦੇ ਨੇ। ਤੇ ਮੈਂ ਐਸੀ ਜਵਾਨ ਪੀੜ੍ਹੀ ਬਾਰੇ ਵੀ ਲਿਖਦਾ ਹਾਂ ਜਿਹੜੀ ਪਿਉ ਨੂੰ ਦਾੜੀਉਂ ਫੜ ਕੇ ਘਰੋਂ ਬਾਹਰ ਕਰ ਦਿੰਦੀ ਹੈ ਤੇ ਮਾਂ ਨੂੰ ਨੌਕਰ ਬਣਾ ਕੇ ਘਰ ਦੇ ਇੱਕ ਖੂੰਜੇ 'ਚ ਰਹਿਣ ਲਈ ਮਜਬੂਰ ਕਰਦੀ ਹੈ । ਨਾ ਤਾਂ ਨਵੀਂ ਪੀੜ੍ਹੀ ਨੂੰ ਇਹ ਭੁੱਲਣਾ ਚਾਹੀਦਾ ਕਿ ਮਾ-ਪਿਉ ਨੇ ਉਹਨਾਂ ਨੂੰ ਜਨਮ ਦਿੱਤਾ ਹੈ, ਉਹਨਾਂ ਲਈ ਉਹੀ ਪਰਮਾਤਮਾ ਦਾ ਰੂਪ ਹਨ, ਸਾਨੂੰ ਇਸ ਜ਼ਮੀਨ ਤੇ ਲਿਉਣ ਵਾਲੇ ਉਹੀ ਹਨ, ਸਾਡਾ ਹਰ ਸਾਹ ਉਹਨਾਂ ਦਾ ਰਿਨੀ ਹੋਣਾ ਚਾਹੀਦਾ ਹੈ। ਪਰ ਉਸੇ ਵਕਤ ਬਜ਼ੁਰਗਾਂ ਨੂੰ ਵੀ ਜਾਣ ਲੈਣਾ ਚਾਹੀਦਾ ਹੈ ਕਿ ਕਦੇ ਉਹ ਵੀ ਨਵੀਂ ਪੀੜ੍ਹੀ ਦੇ ਸਨ, ਕਦੇ ਉਹਨਾਂ ਵੀ ਮਨ-ਮਰਜ਼ੀਆਂ ਕੀਤੀਆਂ ਸਨ, ਕਦੇ ਉਹਨਾਂ ਦਾ ਵੀ ਆਪਣੇ ਮਾਪਿਆਂ ਨਾਲ ਮਨ-ਮੁਟਾਵ ਹੁੰਦਾ ਸੀ, ਕਦੇ ਉਹਨਾਂ ਵੀ ਬਥੇਰੀਆਂ ਗ਼ਲਤੀਆਂ ਕੀਤੀਆਂ ਹਨ ਕਿਉਂਕਿ ਹਰ ਇੰਸਾਨ ਗ਼ਲਤੀਆਂ ਦਾ ਪੁਤਲਾ ਹੀ ਤਾਂ ਹੈ ਆਖ਼ੀਰ।

ਇੱਕ ਹੋਰ ਬਹੁਤ ਹੀ ਜ਼ਰੂਰੀ ਗੱਲ। ਇਹ ਤਾਂ ਅਸੀਂ ਸਾਰੇ ਹੀ ਕਹਿੰਦੇ ਹਾਂ ਕਿ ਧੀ-ਪੁੱਤ 'ਚ ਕੋਈ ਫ਼ਰਕ ਨਹੀਂ ਹੁੰਦਾ, ਪਰ ਇਹ ਵੀ ਸਾਰੇ ਜਾਣਦੇ ਹਨ ਕਿ 99ਵੇਂ ਪ੍ਰਤਿਸ਼ਤ ਤੋਂ ਵੀ ਵੱਧ ਲੋਕ ਪੁੱਤ ਪਾਉਣ ਦੀ ਲਾਲਸਾ ਰੱਖਦੇ ਹਨ।ਮੈਂ ਡਾਕਟਰ ਹੋਣ, ਮੀਡੀਆ ਨਾਲ ਜੁੜੇ ਹੋਣ ਤੇ ਦੁਨੀਆਂ ਦੇ 55 ਤੋਂ ਵੀ ਜ਼ਿਆਦਾ ਮੁਲਕ ਘੁੰਮੇ ਹੋਣ ਕਰਕੇ, ਅਣਗਿਨਤ ਲੋਕਾਂ ਦੇ ਸੰਪਰਕ 'ਚ ਆਇਆਂ ਹਾਂ ਤੇ ਆਂਉਦਾ ਰਹਿੰਦਾ ਹਾਂ, ਮੈਂ ਇਹ ਦਾਵੇ ਨਾਲ ਕਹਿ ਸਕਦਾ ਹਾਂ ਕਿ ਮੈਂ ਹਜ਼ਾਰਾਂ ਨਹੀਂ ਤਾਂ ਸੈਂਕੜੇ ਮਾਪਿਆਂ ਨੂੰ ਪੁੱਤ ਪਾਉਣ ਲਈ ਧਾਰਮਿਕ ਸਥਲਾਂ, ਬਾਬਿਆਂ, ਡੇਰਿਆਂ ਤੇ ਨੀਮ-ਹਕੀਮਾਂ ਦੇ ਤਰਲੇ ਕਰਦਿਆਂ ਵਖਿਆ ਹੈ ਪਰ ਧੀ ਪਾਉਣ ਲਈ ਮੈਂ ਸਿਰਫ਼ 6 ਪਰਿਵਾਰ ਹੀ ਵੇਖੇ ਜਿਨ੍ਹਾਂ 'ਚੋਂ ਦੋ ਪਰਿਵਾਰ ਮੇਰੇ ਆਪਣੇ ਹੀ ਘਰ ਦੇ ਹਨ। ਮਾਪਿਆਂ ਨੂੰ ਧੀ – ਪੁੱਤ 'ਚ ਫ਼ਰਕ ਨਹੀਂ ਕਰਨਾ ਚਾਹੀਦਾ। ਸਬ ਜਾਣਦੇ ਹਨ ਕਿ ਪੁੱਤ ਤਾਂ ਕਪੁੱਤ ਆਮ ਤੌਰ ਤੇ ਹੁੰਦੇ ਹਨ ਪਰ ਧੀਆਂ ਸਦੈਵ ਹੀ ਮਾਪਿਆਂ ਨਾਲ ਪ੍ਰੇਮ ਕਰਦੀਆਂ ਹਨ। ਵੈਸੇ ਵੀ ਮੈਨੂੰ ਤਾਂ ਇਹ ਵੀ ਸਮਝ ਨਹੀਂ ਆਂਉਂਦਾ ਕਿ ਮਾਂ ਨੂੰ ਕੀ ਪੁੱਤ ਜੰਮਨ ਵੇਲੇ ਜ਼ਿਆਦਾ ਤੇ ਧੀ ਜੰਮਨ ਵੇਲੇ ਘੱਟ ਪੀੜ ਹੁੰਦੀ ਹੈ, ਜੇ ਨਹੀਂ, ਤਾਂ ਇਹ ਭੇਦ-ਭਾਵ ਕਿਉਂ?

ਜੇ ਇਹਨਾਂ ਸੱਚਾਈਆਂ ਦਾ ਇਮਾਨਦਾਰੀ ਨਾਲ ਵਿਸ਼ਲੇਸ਼ਨ ਕੀਤਾ ਜਾਵੇ ਤਾਂ ਸਾਡੇ ਸਮਾਜ ਦੀ ਸੱਚੀ ਤਸਵੀਰ ਸਾਹਮਨੇ ਆਂਉਂਦੀ ਹੈ। ਨਵੀਂ ਪੀੜ੍ਹੀ ਦੇ ਚੰਗੇ ਇੰਸਾਨ ਤੇ ਨਵੀਂ ਪੀੜ੍ਹੀ ਦੇ ਬੁਰੇ ਇੰਸਾਨ, ਧੀਆਂ ਦਾ ਮਾਪਿਆਂ ਪ੍ਰਤੀ ਮੋਹ ਤੇ ਮਾਂ ਦੀ ਪੁੱਤਰਾਂ ਪ੍ਰਤੀ ਅੰਨ੍ਹੀ ਮਮਤਾ, ਬਜ਼ੁਰਗਾਂ ਦਾ ਧੀ-ਪੁੱਤਰ ਦੇ ਪ੍ਰਤੀ ਵੱਖ-ਵੱਖ ਵਰਤਾਉ ਤੇ ਧਰਮ ਦੇ ਨਾਮ ਤੇ ਦੋਗਲਾਪਨ।

ਇਹ ਕਹਾਨੀ ਕਿਸੇ ਨਾ ਕਿਸੇ ਰੂਪ ‘ਚ ਹਰ ਘਰ ‘ਚ ਵਾਪਰ ਰਹੀ ਹੈ। ਕਿਤੇ ਬਜ਼ੁਰਗਾਂ ਦੀ ਬੇਕਦਰੀ ਹੋ ਰਹੀ ਹੈ ਤੇ ਕਿਦੇ ਨਵੀਂ ਪੀੜ੍ਹੀ ਦੀ। ਗੱਲ ਨਿੱਕੀ ਜਿਹੀ ਹੈ - ਸੱਚਾਈ ਨੂੰ ਦਿਲੋ-ਦਿਮਾਗ਼ ‘ਚ ਉਤਾਰ ਲੈਣ ਦੀ। ਨਵੀਂ ਪੀੜ੍ਹੀ, ਖ਼ਾਸ-ਤੌਰ ਤੇ ਪੁੱਤਰਾਂ ਨੂੰ ਮਾਪਿਆਂ ਦਾ ਸਨਮਾਨ ਕਰਣਾ ਚਾਹੀਦਾ ਹੈ ਤੇ ਮਾਪਿਆਂ ਨੂੰ ਤੇ ਖ਼ਾਸ ਤੌਰ ਤੇ ਮਾਂਵਾਂ ਨੂ ਇਹ ਸੱਚ ਸਵੀਕਾਰਨਾ ਚਾਹੀਦਾ ਹੈ ਕਿ ਧੀ-ਪੁੱਤ ‘ਚ ਕੋਈ ਫ਼ਰਕ ਨਹੀਂ ਹੁੰਦਾ। ਬਜ਼ੁਰਗਾਂ ਨੂੰ ਸਮਝਣਾ ਚਾਹੀਦਾ ਹੈ ਕਿ ਜੇ ਕਰ ਉਹ ਧੀਆਂ ਕੋਲ ਵੀ ਰਹਿੰਦੇ ਹਨ ਤਾਂ ਇਹ ਉਹਨਾਂ ਦਾ ਹੱਕ ਹੈ ਤੇ ਉਹਨਾਂ ਨੂੰ ਖ਼ੁਸ਼ੀ-ਖ਼ੁਸ਼ੀ ਰਹਿਣਾ ਚਾਹੀਦਾ ਹੈ। ਬਜ਼ੁਰਗਾਂ ਨੂੰ ਚਾਹੀਦਾ ਹੈ ਕਿ ਹੱਥ ਪੈਰ ਹਿਲਾਉਣ, ਘਰ ਦੇ ਕੰਮ ਕਾਜ ‘ਚ ਮਾੜੀ-ਮੋਟੀ ਮਦਦ ਕਰਨ, ਮਿੱਠਾ ਬੋਲਣ, ਨੂੰਹ ਜਾਂ ਜਵਾਈ ਨੂੰ ਵੀ ਧੀ ਤੇ ਪੁੱਤਰ ਜਿਹਾ ਪਿਆਰ ਦੇਨ ਤੇ ਮੱਥੇ ਤੇ ਵੱਟ ਘੱਟ ਪਾਉਣ। ਹੱਥਪੈਰ ਹਿਲਾਉਣ ਨਾਲ ਪਰਿਵਾਰ ‘ਚ ਪਿਆਰ ਹੀ ਨਹੀਂ ਵਧਦਾ ਬਲਕਿ ਬਜ਼ੁਰਗਾਂ ਦੀ ਸਿਹਤ ਵੀ ਚੰਗੀ ਬਣੀ ਰਹਿੰਦੀ ਹੈ। ਜਵਾਨ ਪੀੜ੍ਹੀ ਨੂੰ, ਖ਼ਾਸ ਤੌਰ ਤੇ ਮਰਦਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਭੈਨ ਨੂੰ ਭੈਨ, ਪਤਨੀ ਨੂੰ ਪਤਨੀ ਤੇ ਮਾਪਿਆਂ ਨੂੰ ਮਾਪਿਆਂ ਦਾ ਦਰਜਾ ਦੇਨ। ਬੱਚਿਆਂ ਨੂੰ ਇਹ ਕਦੇ ਨਹੀਂ ਭੁੱਲਨਾ ਚਾਹੀਦਾ ਕਿ ਘਰ ‘ਚ ਜੇ ਕਰ ਉਹਨਾਂ ਦੇ ਆਪਣੇ ਬੱਚੇ ਦਾਦਾ ਦਾਦੀ ਨੂੰ ਨਹੀਂ ਵੇਖਦੇ ਜਾਂ ਉਹਨਾਂ ਨਾਲ ਬਦਸਲੂਕੀ ਵੇਖਦੇ ਹਨ ਤਾਂ ਕੱਲ ਵਾਰੀ ਆਪਣੀ ਵੀ ਅਵਸ਼ ਆਏਗੀ। ਇਹ ਠੀਕ ਹੈ ਕਿ ਸਾਡੇ ਸਮਾਜ ਦੇ ਬਹੁਤ ਸਾਰੇ ਘਰਾਂ ਦੀ ਇਹੋ ਕਹਾਨੀ ਹੈ ਪਰ ਕੀ ਇਹ ਦੁਖਦਾਈ ਨਹੀਂ? ਜੇ ਕਰ ਇਸੇ ਛੋਟੇ ਜਿਹੇ ਪਰੀਵਾਰ ਦੀ ਗੱਲ ਕਰੀਏ ਤਾਂ ਕੀ ਜਿਸ ਧੀ ਦੇ ਘਰ ਮਾਂ ਰਹਿ ਰਹੀ ਹੈ, ਬਜਾਇ ਉਸ ਨੂੰ ਪਿਆਰ ਕਰਨ ਦੇ ਉਹ ਉਸ ਪੁੱਤ ਦੀ ਯਾਦ ‘ਚ ਕਸੀਦੇ ਪੜ੍ਹ ਰਹੀ ਹੈ ਜੋ ਉਸਨੂੰ ਛਿੱਤਰ ਮਾਰਨਾ ਵੀ ਪੰਸਦ ਨਹੀਂ ਕਰਦਾ। ਮੇਰਾ ਖ਼ਿਆਲ ਹੈ ਕਿ ਜਿਸ ਦੇਸ ਜਾਂ ਪਰਿਵਾਰ ਤੋਂ ਰੋਟੀ ਮਿਲੇ, ਉਸ ਦੀ ਥਾਲੀ ‘ਚ ਛੇਕ ਕਰਨਾ ਪਾਪ ਹੈ।ਜੇ ਕਰ ਪਰੀਵਾਰ ਦਾ ਹਰ ਮੈਂਬਰ ਆਪਣੀ ਜ਼ਿੰਮੇਦਾਰੀ ਤੇ ਸਮਝ ਨੂੰ ਸੱਚਾਈ ਦੇ ਕਪੜੇ ਪੁਆ ਕੇ ਜੀਵੇ ਤਾਂ ਝਗੜਾ ਹੋ ਨਹੀਂ ਸਕਦਾ।। ਸਮਾਜ ਦੇ ਕੁਝ ਨਿਯਮ ਹਨ, ਧਰਮ ਸਾਨੂੰ ਕੁਝ ਦਸੱਦਾ ਹੈ, ਜ਼ਿੰਦਗੀ ਬੜੀ ਹੀ ਅਸਾਨ ਤੇ ਖ਼ੁਸ਼ਹਾਲ ਹੋ ਜਾਂਦੀ ਹੈ ਜਦ ਘਰ ਦੇ ਸਾਰੇ ਜੀਅ ਇੱਕਠੇ ਬੈਠ ਕੇ ਡਿੰਨਰ ਕਰਦੇ ਹਨ ਤੇ ਵਾਹਿਗੁਰੂ ਦਾ ਉਹਨਾਂ ਤੇ ਸਦਾ ਹੀ ਆਸ਼ੀਰਵਾਦ ਰਹਿੰਦਾ ਹੈ।

**Dr. A. Kumar**
**Vice President**
**Yorks College (Canada UK USA India)**
**www.yorkscollege.com**
**Email: info@yorkscollege.com**